**WE ARE YOUR DOL**

NEW YORK STATE | Department of Labor

ਕਿਰਤ ਮਿਆਰਾਂ ਬਾਰੇ ਡਿਵੀਜ਼ਨ (Division of Labor Standards)

# ਕਿਰਤ ਮਿਆਰ ਲਾਗੂ ਕਰਨ ਦੇ ਅਮਲ ਬਾਰੇ ਨੋਟੀਫ਼ਿਕੇਸ਼ਨ

## ਸ਼ਿਕਾਇਤ ਮਿਲਣੀ ਅਤੇ ਇਸਦਾ ਜਾਇਜ਼ਾ ਲੈਣਾ:

ਜਦੋਂ ਕੋਈ ਸ਼ਖ਼ਸ ਰੋਜ਼ਗਾਰ-ਸਬੰਧੀ ਸ਼ਿਕਾਇਤ ਬਾਰੇ **ਕਿਰਤ ਮਿਆਰਾਂ ਬਾਰੇ ਡਿਵੀਜ਼ਨ** ਨਾਲ ਨਿਜੀ ਤੌਰ 'ਤੇ, ਫ਼ੋਨ ਰਾਹੀਂ ਜਾਂ ਡਾਕ ਰਾਹੀ ਗੱਲਬਾਤ (ਸੰਚਾਰ) ਕਰਦਾ ਹੈ, ਤਾਂ ਸਾਡੀ ਪਹਿਲੀ ਕਾਰਵਾਈ ਇਹ ਤੈਅ ਕਰਨਾ ਹੁੰਦਾ ਹੈ ਕਿ ਕੀ ਸਾਡੇ ਕੋਲ ਦਖ਼ਲਅੰਦਾਜ਼ੀ ਕਰਨ ਦਾ ਕਾਨੂੰਨੀ ਹੱਕ ਹੈ - ਕੀ ਇਸ ਵਿੱਚ ਸ਼ਾਮਿਲ ਮਸਲਾ ਸਾਡੇ "ਅਧਿਕਾਰ-ਖੇਤਰ" ਦੇ ਦਾਇਰੇ ਅੰਦਰ ਆ ਸਕਦਾ ਹੈ। ਜੇ ਇਹ ਗੱਲ ਪੱਕੇ ਤੌਰ 'ਤੇ ਸੱਚ ਨਹੀਂ ਹੈ, ਤਾਂ ਅਸੀਂ ਤੁਹਾਨੂੰ ਉਸ ਏਜੰਸੀ ਜਾਂ ਸੰਸਥਾ ਕੋਲ ਭੇਜਣ ਦੀ ਹਰ ਇੱਕ ਕੋਸ਼ਿਸ਼ ਕਰਾਂਗੇ, ਜੋ ਵਧੀਆ ਤਰੀਕੇ ਨਾਲ ਤੁਹਾਡੀ ਮਦਦ ਕਰ ਸਕੇ।

ਜੇ ਤੁਹਾਡੀ ਸ਼ਿਕਾਇਤ ਕਿਰਤ ਮਿਆਰਾਂ ਦੇ ਅਧਿਕਾਰ-ਖੇਤਰ ਹੇਠ ਹੋ ਸਕਦੀ ਹੈ, ਤਾਂ ਤੁਹਾਨੂੰ **ਦਾਅਵਾ ਫ਼ਾਰਮ** ਭਰਨ ਲਈ ਕਿਹਾ ਜਾਏਗਾ। ਦਾਅਵਾ ਫ਼ਾਰਮ ਮੁਕੰਮਲ ਹੋਣ 'ਤੇ "ਸ਼ਿਕਾਇਤ" ਹੀ "ਦਾਅਵਾ" ਬਣ ਜਾਂਦੀ ਹੈ। ਸਾਡੇ ਵਲੋਂ ਕੀਤੇ ਜਾਣ ਵਾਲੇ ਦਾਅਵੇ ਦੇ ਜਾਇਜ਼ੇ ਜਾਂ ਪੜਤਾਲ ਦੌਰਾਨ, ਤੁਹਾਨੂੰ ਕਿਸੇ ਵੀ ਸਮੇਂ ਹੋਰ ਜਾਣਕਾਰੀ ਦੇਣ ਲਈ ਕਿਹਾ ਜਾ ਸਕਦਾ ਹੈ। ਤੁਹਾਡੇ ਵਲੋਂ ਜਮ੍ਹਾ ਕੀਤੇ ਗਏ ਦਾਅਵਾ ਫ਼ਾਰਮ ਦਾ ਜਾਇਜ਼ਾ ਲੈਣ ਤੋਂ ਬਾਅਦ, ਤੁਹਾਨੂੰ ਦਾਅਵਾ ਕਰਨ ਲਈ ਦਿੱਤੇ ਗਏ ਦਾਅਵਾ ਨੰਬਰ **(LCM#)** ਦੇ ਨਾਲ ਹੀ ਦਾਅਵੇ ਦੀ ਸਥਿਤੀ ਅਤੇ ਕੀ ਤੁਹਾਡੇ ਦਾਅਵੇ ਨੂੰ ਅਗਲੇਰੀ ਪੜਤਾਲ ਲਈ ਪ੍ਰਵਾਣ ਕੀਤਾ ਗਿਆ ਹੈ ਜਾਂ ਨਹੀਂ, ਬਾਰੇ ਡਾਕ ਰਾਹੀਂ ਦੱਸਿਆ ਜਾਏਗਾ। ਕੀਤੀ ਗਈ ਬੇਨਤੀ ਅਨੁਸਾਰ ਵਾਧੂ ਜਾਣਕਾਰੀ ਦੇਣ ਵਿੱਚ ਨਾਕਾਮ ਰਹਿਣ ਬਦਲੇ ਦਾਅਵੇ ਦੇ ਮੁਲਾਂਕਣ ਵਿੱਚ ਦੇਰ ਹੋ ਜਾਏਗੀ ਅਤੇ/ਜਾਂ ਇਸਦੇ ਨਤੀਜੇ ਵਜੋਂ NYSDOL ਪੜਤਾਲ ਲਈ ਦਾਅਵਾ ਲੈਣ ਤੋਂ ਮਨ੍ਹਾ ਕਰ ਸਕਦਾ ਹੈ।

ਦਾਅਵਾ ਪੇਸ਼ ਕਰਕੇ, ਤੁਸੀਂ ਮੰਨਦੇ ਹੋ ਅਤੇ ਸਮਝਦੇ ਹੋ ਕਿ NYSDOL, ਕਿਰਤ ਕਮਿਸ਼ਨਰ ਦੀ ਅਥਾੱਰਿਟੀ ਦੀ ਸਵੈ-ਇੱਛਾ ਅਨੁਸਾਰ, ਪੜਤਾਲ ਲਈ ਮੰਜ਼ੂਰੀ ਵਾਸਤੇ ਤੁਹਾਡੇ ਦਾਅਵੇ ਦਾ ਮੁਲਾਂਕਣ ਕਰੇਗਾ, ਪ੍ਰਵਾਣ ਕੀਤੇ ਗਏ ਕਿਸੇ ਵੀ ਦਾਅਵੇ ਬਾਰੇ ਪੜਤਾਲ ਦਾ ਦਾਇਰਾ ਤੈਅ ਕਰੇਗਾ ਅਤੇ ਜਿੰਨਾ ਸੰਭਵ ਹੋਇਆ ਦਾਅਵਿਆਂ ਦਾ ਤੇਜ਼ੀ ਨਾਲ ਨਿਪਟਾਰਾ ਕਰੇਗਾ। ਕਿਰਤ ਕਮਿਸ਼ਨਰ ਵਲੋਂ ਸ਼ਿਕਾਇਤਾਂ ਦਾ ਨਿਪਟਾਰਾ ਅਤੇ ਹਰ ਉਲੰਘਣਾ ਦਾ ਹੱਲ ਕੱਢਿਆ ਜਾਏਗਾ।

## ਦਾਅਵੇ ਦੀ ਪੜਤਾਲ:

ਜੇ ਪੜਤਾਲ ਲਈ ਤੁਹਾਡਾ ਦਾਅਵਾ ਮੰਜ਼ੂਰ ਕਰ ਲਿਆ ਜਾਂਦਾ ਹੈ, ਤਾਂ ਤੁਹਾਨੂੰ ਡਾਕ ਰਾਹੀਂ ਕੇਸ ਨੰਬਰ **(LS#)** ਮਿਲੇਗਾ। ਕਿਉਂਕਿ ਸਟਾਫ਼ ਪੜਤਾਲ ਦਾ ਆਪਣਾ ਕੰਮ ਸ਼ੁਰੂ ਕਰਨ ਲਈ ਉਪਲਬਧ ਹੈ, ਇਸ ਲਈ ਉਸ ਨੂੰ ਕੇਸ ਸੌਂਪੇ ਜਾਣਗੇ। ਪੜਤਾਲਕਰਤਾ ਨੂੰ ਤੁਹਾਡਾ ਕੇਸ ਸੌਂਪਦਿਆਂ ਸਾਰ ਹੀ, ਤੁਹਾਡੀ ਅਸਾਈਨਮੈਂਟ ਬਾਰੇ ਦੱਸਣ ਲਈ ਤੁਹਾਨੂੰ ਇੱਕ ਚਿੱਠੀ ਮਿਲੇਗੀ। ਕਿਉਂਕਿ ਹਰ ਇੱਕ ਦਾਅਵੇ ਦੇ ਤੱਥ ਅਤੇ ਹਾਲਾਤ ਅਲੱਗ-ਅਲੱਗ ਹੁੰਦੇ ਹਨ, ਇਸ ਲਈ ਆਪਣੀ ਪੜਤਾਲ ਦੇ ਅਮਲ ਦੌਰਾਨ ਡਿਵੀਜ਼ਨ **ਐਨਫ਼ੋਰਸਮੈਂਟ ਦੀਆਂ ਕਈ ਤਕਨੀਕਾਂ ਦੀ ਵਰਤੋਂ ਕਰ ਸਕਦੀ ਹੈ।** ਪੜਤਾਲ ਲਈ ਸਮੇਂ ਦੀ ਲੋੜੀਂਦੀ ਮਿਆਦ ਵੱਖ-ਵੱਖ ਹੁੰਦੀ ਹੈ, ਜੋ ਕਿ ਮੁੱਖ ਤੌਰ 'ਤੇ ਰੋਜ਼ਗਾਰਦਾਤਾ ਦੇ ਸਹਿਯੋਗ ਦੇ ਪੱਧਰ, ਕਿਸੇ ਵੀ ਧਿਰ ਤੋਂ ਲੋੜੀਂਦੀ ਜਾਣਕਾਰੀ ਦੀ ਪ੍ਰਾਪਤੀ ਜਾਂ ਰਿਕਾੱਰਡਾਂ, ਗੁਆਹਾਂ ਆਦਿ ਵਰਗੇ ਕੰਮ ਆਉਣ ਵਾਲੇ ਪੱਕੇ ਸਬੂਤ ਮਿਲਣ 'ਤੇ ਨਿਰਭਰ ਕਰਦੀ ਹੈ। **ਡਿਵੀਜ਼ਨ** ਨਾਲ ਪੜਤਾਲ ਦੀ ਸ਼ੁਰੂਆਤ ਰੋਜ਼ਗਾਰਦਾਤਾ ਨੂੰ ਟੈਲੀਫ਼ੋਨ, ਚਿੱਠੀ ਜਾਂ ਨਿਜੀ ਤੌਰ 'ਤੇ ਸੰਪਰਕ ਕਰਨ ਨਾਲ ਹੁੰਦੀ ਹੈ। ਜੇ ਰੋਜ਼ਗਾਰਦਾਤਾ ਕਿਸੇ ਵੀ ਦਾਅਵੇ ਦੇ ਤੱਥ ਪੇਸ਼ ਕਰਨ ਅਤੇ ਜਾਣਕਾਰੀ ਲਈ ਕਹਿਣ ਜਾਂ ਮੁਆਵਜ਼ਾ ਦੇਣ ਬਾਰੇ ਸਾਡੀ ਚਿੱਠੀ ਦਾ ਜਵਾਬ ਦੇਣ ਵਿੱਚ ਨਾਕਾਮ ਰਹਿੰਦਾ ਹੈ, ਤਾਂ ਰੋਜ਼ਗਾਰਦਾਤਾ ਨੂੰ ਦੂਜੀ ਚਿੱਠੀ ਭੇਜੀ ਜਾ ਸਕਦੀ ਹੈ। ਜਦ ਤੱਕ ਪੜਤਾਲ ਮੁਕੰਮਲ ਨਹੀਂ ਹੁੰਦੀ, ਇਸ ਦੀ ਸਥਿਤੀ ਬਾਰੇ ਤੁਹਾਨੂੰ ਜਾਣੂ ਕਰਾਉਣ ਲਈ, ਅਸੀਂ ਤੁਹਾਨੂੰ ਸਮੇਂ-ਸਮੇਂ 'ਤੇ ਚਿੱਠੀ ਲਿਖਾਂਗੇ।

## ਫ਼ੀਲਡ ਪੜਤਾਲ:

ਕੁਝ ਮਾਮਲਿਆਂ ਵਿੱਚ, ਕਿਰਤ ਕਾਨੂੰਨ ਦੀ ਹਰ ਉਲੰਘਣਾ ਦੇ ਹੱਲ ਲਈ ਫ਼ੀਲਡ ਵਿਜ਼ਿਟ/ਜਾਂਚ ਜ਼ਰੂਰੀ ਹੋ ਸਕਦੀ ਹੈ। ਇੰਜ ਉਸ ਸਮੇਂ ਹੁੰਦਾ ਹੈ, ਜਦੋਂ ਰੋਜ਼ਗਾਰਦਾਤਾ ਉਲੰਘਣਾ ਦਾ ਨਿਪਟਾਰਾ ਕਰਨ ਦੀਆਂ ਸਾਡੀਆਂ ਕੋਸ਼ਿਸ਼ਾਂ ਦਾ ਕੋਈ ਜਵਾਬ ਨਹੀਂ ਦਿੰਦਾ ਜਾਂ ਜੇ ਉਲੰਘਣਾ ਕੰਮ ਵਾਲੀ ਪੂਰੀ ਥਾਂ 'ਤੇ ਅਸਰ ਪਾਉਂਦੀ ਹੈ ਜਾਂ ਕੰਮ ਵਾਲੀ ਥਾਂ 'ਤੇ ਪੜਤਾਲ ਕਰਨਾ ਬਿਹਤਰ ਹੈ।

## ਪੜਤਾਲ ਸਬੰਧੀ ਕਾੱਨਫ਼ਰੰਸਾਂ:

ਕਦੀ-ਕਦਾਈਂ, ਦਾਅਵੇ ਨਾਲ ਜੁੜੇ ਮਸਲਿਆਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਰੋਜ਼ਗਾਰਦਾਤਾ ਨੂੰ ਮੀਟਿੰਗ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਜਾ ਸਕਦੀ ਹੈ। ਜਿੱਥੇ ਕੋਈ ਮਸਲਾ ਜਾਂ ਕਿਸੇ ਗੱਲ ਦੀ ਉਲੰਘਣਾ ਕਰਨਾ ਸ਼ਾਮਿਲ ਹੈ, ਤਾਂ **ਪਾਲਣਾ ਬਾਰੇ ਕਾੱਨਫਰੰਸ** - ਜਿਸ ਵਿੱਚ ਤੁਹਾਨੂੰ ਅਤੇ ਰੋਜ਼ਗਾਰਦਾਤਾ ਨੂੰ ਸੱਦਾ ਦਿੱਤਾ ਜਾਂਦਾ ਹੈ – ਵਿੱਚ ਹੱਲ ਹੋਣੋਂ ਰਹਿੰਦੇ ਮਸਲੇ ਸੁਲਝਾਉਣ ਲਈ ਮੀਟਿੰਗ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।

## ਪੜਤਾਲਖ਼ਤਮ ਹੋਣੀਨਤੀਜੇ ਪੇਸ਼ ਕਰਨੇ:

ਪੜਤਾਲ ਪੂਰੀ ਹੁੰਦਿਆਂ ਸਾਰ ਹੀ, ਅਤੇ ਅਸੀਂ ਫ਼ੈਸਲਾ ਕਰ ਲਿਆ ਹੈ ਕਿ ਕੋਈ ਉਲੰਘਣਾ ਹੋਈ ਹੈ, ਤਾਂ **ਡਿਵੀਜ਼ਨ** ਉਲੰਘਣਾ ਦਾ ਉਪਾਅ ਕਰੇਗੀ, ਇਸ ਵਿੱਚ ਬਕਾਇਆ ਉਜਰਤਾਂ ਦੇ ਮੁੜ-ਭੁਗਤਾਨ ਦਾ ਪ੍ਰਬੰਧ ਕਰਨਾ ਸ਼ਾਮਿਲ ਹੈ। ਹਾਲਾਂਕਿ, ਜੇ ਕੋਈ ਰੋਜ਼ਗਾਰਦਾਤਾ ਪਾਲਣਾ ਕਰਨ ਜਾਂ ਮੁਆਵਜ਼ਾ ਦੇਣ ਵਿੱਚ ਨਾਕਾਮ ਰਹਿੰਦਾ ਹੈ, ਤਾਂ **ਕਿਰਤ ਕਮਿਸ਼ਨਰ** ਵਲੋਂ **ਪਾਲਣਾ ਦਾ ਆਦੇਸ਼** ਜਾਰੀ ਕੀਤਾ ਜਾ ਸਕਦਾ ਹੈ। ਉਲੰਘਣਾ ਦਾ ਪਤਾ ਲਾਉਣਾ ਜਾਂ ਪਾਲਣਾ ਦਾ ਆਦੇਸ਼ ਜਾਰੀ ਕਰਨਾ, ਸਾਰੇ ਕੇਸਾਂ ਵਿੱਚ ਵਸੂਲੀ ਦੀ ਗਰੰਟੀ ਨਹੀਂ ਦਿੰਦਾ। ਜੇ ਕੋਈ ਰੋਜ਼ਗਾਰਦਾਤਾ ਡਿਵੀਜ਼ਨ ਦੇ ਨਤੀਜਿਆਂ ਨਾਲ ਸਹਿਮਤ ਨਹੀਂ ਹੁੰਦਾ, ਤਾਂ ਉਹ ਰਸਮੀ ਸੁਣਵਾਈ ਲਈ **ਅਪੀਲਾਂ ਬਾਰੇ ਸਨਅੱਤੀ ਬੋਰਡ (Industrial Board of Appeals)** ਵਿੱਚ ਪਟੀਸ਼ਨ ਦਾਇਰ ਕਰ ਸਕਦਾ ਹੈ। ਅਪੀਲ ਕਰਨ ਦੇ ਇਸ ਅਮਲ ਦੌਰਾਨ, ਨਿਊਯਾੱਰਕ ਸਟੇਟ ਦਾ ਕਿਰਤ ਵਿਭਾਗ (New York State Department of Labor) ਮੁਲਾਜ਼ਮ (ਮੁਲਾਜ਼ਮਾਂ) ਦੀ ਨੁਮਾਇੰਦਗੀ ਕਰਦਾ ਹੈ। ਪਾਲਣਾ ਦੇ ਆਦੇਸ਼ ਦਾ ਅਮਲ ਸੁਲਝਾਉਣ ਵਿੱਚ ਕਈ ਸਾਲ ਲੱਗ ਸਕਦੇ ਹਨ, ਕਿਉਂਕਿ ਰੋਜ਼ਗਾਰਦਾਤਾ ਨੂੰ ਸਾਡੇ ਨਤੀਜਿਆਂ 'ਤੇ ਇਤਰਾਜ਼ ਕਰਨ, ਦਾਅਵੇ ਖ਼ਾਰਜ ਕਰਨ ਲਈ ਸਬੂਤ ਪੇਸ਼ ਕਰਨ ਅਤੇ ਗੁਆਹਾਂ ਨੂੰ ਬੁਲਾਉਣ ਦਾ ਹੱਕ ਹੈ।

## ਦੀਵਾਨੀ ਜਾਂ ਮੁਜਰਮਾਨਾ ਕਾਰਵਾਈਆਂ:

ਜੇ ਸਮੇਂ-ਸਿਰ ਪਾਲਣਾ ਦੇ ਆਦੇਸ਼ ਬਾਰੇ ਕੋਈ ਅਪੀਲ ਦਾਇਰ ਨਹੀਂ ਕੀਤੀ ਜਾਂਦੀ ਹੈ ਅਤੇ ਰੋਜ਼ਗਾਰਦਾਤਾ ਨੇ ਅਜੇ ਵੀ ਭੁਗਤਾਨ ਜਮ੍ਹਾ ਨਹੀਂ ਕਰਾਇਆ, ਤਾਂ ਇਹ ਮਾਮਲਾ ਕਾਉਂਟੀ ਕਲਰਕ ਨੂੰ ਭੇਜਿਆ ਜਾ ਸਕਦਾ ਹੈ, ਜਿਸ ਵਿੱਚ **"ਪੈਸਿਆਂ ਸਬੰਧੀ ਫ਼ੈਸਲੇ"** ਦੀ ਐਂਟਰੀ ਸ਼ਾਮਿਲ ਹੁੰਦੀ ਹੈ। **ਇਹ ਫ਼ੈਸਲੇ 10 ਸਾਲ ਤੱਕ ਚੱਲਦੇ ਹਨ ਅਤੇ ਡਿਵੀਜ਼ਨ ਸੰਮਨ ਜਾਂ ਹੋਰ ਸਾਧਨਾਂ ਰਾਹੀਂ ਦਰਜ ਕੀਤੇ ਗਏ ਫ਼ੈਸਲੇ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕਰੇਗੀ। ਸਾਰੇ ਆਦੇਸ਼ ਫ਼ੈਸਲੇ ਲਈ ਨਹੀਂ ਭੇਜੇ ਜਾਣਗੇ। ਕੁਝ ਖ਼ਾਸ ਸਥਿਤੀਆਂ ਵਿੱਚ ਵਿਭਾਗ ਉਗਰਾਹੀ ਦੀ ਕਾਰਵਾਈ ਵੀ ਨਹੀਂ ਕਰ ਸਕਦਾ। ਜੇ ਇਹ ਸ਼ਰਤਾਂ ਤੁਹਾਡੇ ਕੇਸ 'ਤੇ ਲਾਗੂ ਹੁੰਦੀਆਂ ਹਨ, ਤਾਂ ਇਹਨਾਂ ਬਾਰੇ ਤੁਹਾਨੂੰ ਦੱਸਿਆ ਜਾਏਗਾ। ਰੋਜ਼ਗਾਰਦਾਤਾ ਖ਼ਿਲਾਫ਼ ਕੋਈ ਵੀ ਫ਼ੈਸਲਾ ਇਸ ਗੱਲ ਦੀ ਗਾਰੰਟੀ ਨਹੀਂ ਹੈ ਕਿ ਵਿਭਾਗ ਵਸੂਲੀ ਕਰ ਸਕੇਗਾ।**

## ਫ਼ੈਸਲੇ ਦੀ ਅਸਾਈਨਮੈਂਟ:

**ਜੇ ਕਿਸੇ ਸ਼ਖ਼ਸ ਦੇ ਪੈਸੇ ਸਬੰਧੀ ਫ਼ੈਸਲੇ ਬਾਰੇ ਕੋਈ ਉਜਰਤ ਬਕਾਇਆ ਹੈ, ਤਾਂ ਉਹ ਕਮਿਸ਼ਨਰ ਨੂੰ ਬੇਨਤੀ ਕਰ ਸਕਦਾ ਹੈ ਕਿ ਉਹ ਖ਼ੁਦ ਐਨਫ਼ੋਰਸਮੈਂਟ ਅਤੇ ਵਸੂਲੀ ਸਬੰਧੀ ਕਾਰਵਾਈ ਕਰਨ ਦਾ ਫ਼ੈਸਲਾ ਕਿਸੇ ਨੂੰ ਸੌਂਪ ਦੇਣ।**

ਇਸ ਤੋਂ ਅਲਾਵਾ, ਅਟਾੱਰਨੀ ਜਨਰਲ ਕੋਲ **ਮੁਜਰਮਾਨਾ ਮੁਕੱਦਮੇ** ਦਾ ਹਵਾਲਾ ਦੇਣਾ ਇੱਕ ਵਿਕਲਪ ਹੋ ਸਕਦਾ ਹੈ - ਜੇ ਸਬੂਤ ਕਾਫ਼ੀ ਹੈ ਅਤੇ ਕੇਸ ਨੂੰ ਮੰਜ਼ੂਰੀ ਦੇਣ ਲਈ ਕੁਝ ਹੋਰ ਕਾਨੂੰਨੀ ਮਿਆਰ (ਜਿਵੇਂ ਰੋਜ਼ਗਾਰਦਾਤਾ ਦੇ ਠਿਕਾਣੇ ਬਾਰੇ ਪਤਾ ਹੋਣਾ) ਮੌਜੂਦ ਹਨ। ਨਿਊਯਾੱਰਕ ਸਟੇਟ ਦੇ ਕਿਰਤ ਕਾਨੂੰਨ ਦੀ ਉਲੰਘਣਾ ਕਰਨ ਬਦਲੇ ਮੁਜਰਮਾਨਾ ਮੁਕੱਦਮਾ ਚਲਾਇਆ ਜਾਂਦਾ ਹੈ, ਨਾ ਕਿ ਅਸਰ ਹੇਠਲੀਆਂ ਧਿਰਾਂ ਲਈ ਬਕਾਇਆ ਰਕਮਾਂ ਦੀ ਪ੍ਰਾਪਤੀ ਵਾਸਤੇ।

## ਦਾਅਵੇ ਦੀ ਪੈਰਵੀ ਦੇ ਬਦਲਵੇਂ ਤਰੀਕੇ:

ਤੁਸੀਂ **ਛੋਟੇ ਦਾਅਵਿਆਂ ਵਾਲੀ ਅਦਾਲਤ** ਵਿੱਚ ਭੁਗਤਾਨ ਨਾ ਕੀਤੀਆਂ ਗਈਆਂ ਉਜਰਤਾਂ, ਉਜਰਤ ਦੇ ਪੂਰਕਾਂ, ਓਵਰਟਾਈਮ ਦਾ ਭੁਗਤਾਨ, ਹਰਜਾਨਿਆਂ ਆਦਿ ਲਈ ਦਾਅਵਿਆਂ ਦੀ ਪੈਰਵੀ ਕਰ ਸਕਦੇ ਹੋ। ਛੋਟੇ ਦਾਅਵਿਆਂ ਵਾਲੀ ਅਦਾਲਤ ਇੱਕ ਗ਼ੈਰਰਸਮੀ ਅਦਾਲਤ ਹੈ, ਜਿੱਥੇ ਲੋਕ ਬਿਨਾ ਵਕੀਲ ਦੇ ਸਿਰਫ਼ ਪੈਸਿਆਂ ਲਈ ਮੁਕੱਦਮਾ ਕਰ ਸਕਦੇ ਹਨ। ਤੁਸੀਂ ਕਸਬੇ ਜਾਂ ਪਿੰਡ ਦੀਆਂ ਅਦਾਲਤਾਂ ਵਿੱਚ $3,000 ਤੱਕ ਅਤੇ ਸ਼ਹਿਰ ਦੀਆਂ ਅਦਾਲਤਾਂ ਵਿੱਚ $5,000 ਤੱਕ ਦਾ ਮੁਕੱਦਮਾ ਕਰ ਸਕਦੇ ਹੋ। ਜੇ ਤੁਹਾਡਾ ਦਾਅਵਾ $3,000 ਜਾਂ $5,000 ਤੋਂ ਵੱਧ ਦਾ ਹੈ, ਤਾਂ ਤੁਸੀਂ ਵੱਧ ਤੋਂ ਵੱਧ ਸੀਮਾ ਤੋਂ ਅਗਾਂਹ ਜਾਣ ਤੋਂ ਬਚਣ ਲਈ ਇਸਨੂੰ ਦੋ ਜਾਂ ਵੱਧ ਦਾਅਵਿਆਂ ਵਿੱਚ ਨਹੀਂ ਵੰਡ ਸਕਦੇ। ਜੇ ਤੁਹਾਡਾ ਦਾਅਵਾ ਵੱਧ ਤੋਂ ਵੱਧ ਰਕਮ ਦਾ ਹੈ, ਤਾਂ ਤੁਸੀਂ ਦੀਵਾਨੀ ਅਦਾਲਤ ਵਿੱਚ ਮੁਕੱਦਮਾ ਕਰ ਸਕਦੇ ਹੋ।

ਛੋਟੇ ਦਾਅਵਿਆਂ ਵਾਲੀ ਅਦਾਲਤ ਨਿਊਯਾੱਰਕ ਸਟੇਟ ਦੇ ਹਰ ਸ਼ਹਿਰ, ਕਸਬੇ ਅਤੇ ਪਿੰਡ ਵਿੱਚ ਹੈ।

ਦਾਅਵਾ ਦਾਇਰ ਕਰਨ ਲਈ, ਤੁਹਾਨੂੰ ਫ਼ਾਰਮ ਜ਼ਰੂਰ ਭਰਨਾ ਚਾਹੀਦਾ ਹੈ ਅਤੇ ਕਾਰੋਬਾਰ ਦਾ ਸਹੀ ਨਾਂ, ਕਾਨੂੰਨੀ ਨਾਂ ਅਤੇ ਕਾਰੋਬਾਰੀ ਪਤਾ ਮੁਹੱਈਆ ਕਰਨਾ ਚਾਹੀਦਾ ਹੈ। ਕਾਰੋਬਾਰ ਦੇ ਕਾਨੂੰਨੀ ਨਾਂ ਦਾ ਪਤਾ ਲਾਉਣ ਲਈ, ਕਾਉਂਟੀ ਕਲਰਕ ਦਾ ਦਫ਼ਤਰ ਤੁਹਾਡੀ ਮਦਦ ਕਰ ਸਕਦਾ ਹੈ। ਤੁਹਾਨੂੰ ਆਪਣੇ ਦਾਅਵੇ ਦੀ ਰਕਮ ਜਾਂ ਜਿੱਥੇ ਤੁਸੀਂ ਰਹਿੰਦੇ ਹੋ, 'ਤੇ ਨਿਰਭਰ ਕਰਦਿਆਂ, ਤੁਹਾਨੂੰ ਵੱਧ ਤੋਂ ਵੱਧ $20.00 ਫ਼ਾਈਲਿੰਗ ਫ਼ੀਸ ਦਾ ਭੁਗਤਾਨ ਕਰਨਾ ਪਏਗਾ।

ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਅਦਾਲਤ ਤੁਹਾਨੂੰ ਬਿਨਾ ਕਿਸੇ ਫ਼ੀਸ ਦੇ ਦੁਭਾਸ਼ੀਆ ਮੁਹੱਈਆ ਕਰਾ ਸਕਦੀ ਹੈ।

1-800-CourtNY (800) 268-7869 'ਤੇ ਨਿਊਯਾੱਰਕ ਸਟੇਟ ਯੂਨੀਫ਼ਾਈਡ ਕੋਰਟ ਸਿਸਟਮ ਨੂੰ ਸਿੱਧੇ ਸੁਆਲ ਜਾਂ question@nycourts.gov ਜਾਂ www.nycourts.gov 'ਤੇ ਜਾਓ।